# 14
# ਸਲੀਬ ਨੇੜਲੇ ਲੋਕ

## ਮੱਤੀ 27; ਮਰਕੁਸ 15; ਲੂਕਾ 23; ਯੂਹੰਨਾ 19

*''ਅਤੇ ਯਿਸੂ ਦੀ ਸਲੀਬ ਦੇ ਮੁੱਢ ਉਹ ਦੀ ਮਾਤਾ ਅਰ ਉਹ ਦੀ ਮਾਸੀ ਕਲੋਪਾਸ ਦੀ ਪਤਨੀ ਮਰੀਅਮ ਅਤੇ ਮਰੀਅਮ ਮਗਦਲੀਨੀ ਖਲੋਤੀਆਂ ਸਨ'' (ਯੂਹੰਨਾ 19:25)*।

ਬਾਈਬਲ ਦਾ ਅਧਿਐਨ ਖ਼ੁਦਾ ਦੇ ਖ਼ੌਫ਼ ਅਤੇ ਈਮਾਨਦਾਰੀ ਨਾਲ ਕਰੋ। ਟੋਟੇ ਇਕੱਠੇ ਕਰਨ ਅਤੇ ਪੂਰੀ ਤਸਵੀਰ ਨੂੰ ਵੇਖਣ ਦੀ ਕੋਸ਼ਿਸ਼ ਕਰੋ ਜੋ ਇਸ ਇਲਾਹੀ ਘਟਨਾ ਵਿਚ ਮਿਲਦੀ ਹੈ। ਸੰਜੀਦਾ ਹੋਵੋ। ਆਪਣੇ ਦਿਲਾਂ 'ਚੋਂ ਪਿਛਲਾ ਕੋਈ ਵੀ ਵਿਚਾਰ ਪਹਿਲਾਂ ਕੱਢ ਲਓ। ਖ਼ੁਦਾ ਨੂੰ ਦੱਸਣ ਦਿਓ ਕਿ ਤਹਾਨੂੰ ਕੀ ਵਿਸ਼ਵਾਸ ਕਰਨ ਦੀ ਲੋੜ ਹੈ। ਬਾਈਬਲ ਤੋਂ ਉਹ ਕੁਝ ਅਖਵਾਉਣ ਦੀ ਕੋਸ਼ਿਸ਼ ਨਾ ਕਰੋ ਜੋ ਇਹ ਨੇ ਕਿਹਾ ਨਹੀਂ।

ਬਾਈਬਲੀ ਪਾਤਰਾਂ ਬਾਰੇ ਫੈਸਲਾ ਸਾਡਾ ਆਪਣਾ ਹੈ। ਅਸੀਂ ਹਰ ਪਾਤਰ ਵਿਚ ਆਪਣੇ ਆਪ ਨੂੰ ਵੇਖਦੇ ਹਾਂ। ਅਸੀ ਵੇਖਾਂਗੇ ਕਿ ਮਹਾਨ ਸਿੱਖਿਆਵਾਂ ਸਲੀਬ ਦੇ ਨੇੜਲੇ ਲੋਕਾਂ ਤੋਂ ਹੀ ਮਿਲਦੀਆਂ ਹਨ। ਇਸੇ ਤਰ੍ਹਾਂ ਉਨ੍ਹਾਂ ਤੋਂ ਵੀ ਸਿੱਖਿਆਵਾਂ ਮਿਲਦੀਆਂ ਹਨ ਜੋ ਸਲੀਬ ਕੋਲ ਨਹੀਂ ਸਨ। ਆਪਣੀਆਂ ਅੱਖਾਂ ਖੁਲ੍ਹੀਆਂ ਰੱਖੋ। ਜਵਾਬ ਨਾ ਦਿੱਤੇ ਗਏ ਸਵਾਲ ਇੰਨੇ ਖ਼ਤਰਨਾਕ ਨਹੀਂ ਹਨ, ਜਿੰਨੇ ਉਹ ਸਵਾਲ ਜਿਨ੍ਹਾਂ ਦੇ ਜਵਾਬ ਖ਼ੁਦਾ ਪੁੱਛਦਾ ਨਹੀਂ ਹੈ।

### ਕੁਝ ਜੋ ਉੱਥੇ ਮੌਜੂਦ ਨਹੀਂ ਸਨ

*ਯਹੂਦਾ!* ਯਹੂਦਾ ਸਲੀਬ ਕੋਲ ਨਹੀਂ ਸੀ। ਉਹਦੀ ਕਹਾਣੀ ਮਨੁੱਖਾਂ ਵਿੱਚੋਂ ਸਭ ਤੋਂ ਬਦਤਰ ਹੈ! ਖ਼ੁਦਾ ਦਾ ਸੋਚਣਾ ਜਾਂ ਕੰਮ ਕਰਨਾ ਮਨੁੱਖ ਵਾਂਗ ਨਹੀਂ ਹੈ। ਯਹੂਦਾ ਨਾਲੋਂ ਵਧੀਆ ਇਹਨੂੰ ਹੋਰ ਕੋਈ ਨਹੀਂ ਵਿਖਾਉਂਦਾ। ਉਹਦਾ ਨਾਂਅ ਹੀ ਸਾਨੂੰ ਕੰਬਣੀ ਲਾ ਦਿੰਦਾ ਹੈ ਅਤੇ ਸਾਨੂੰ ਝੁਕਾ ਦਿੰਦਾ ਹੈ।

ਕਈਆਂ ਦਾ ਸੁਝਾਅ ਹੈ ਕਿ ਖ਼ੁਦਾ ਨੇ ਯਹੂਦਾ ਨੂੰ ਠੁਕਰਾ ਦਿੱਤਾ, ਇਸੇ ਕਰਕੇ ਉਹਨੇ ਯਿਸੂ ਨੂੰ ਫੜਵਾਇਆ। ਇਹ ਤਾਂ ਖ਼ੁਦਾ ਦੀ ਭੰਡੀ ਹੈ। ਖ਼ੁਦਾ ਲੋਕਾਂ ਦੀ ਦੁਰਵਰਤੋਂ ਨਹੀਂ ਕਰਦਾ। ਇਸ ਕਹਾਣੀ ਦੀਆਂ ਹਾਲ ਦੀਆਂ ਵਿਆਖਿਆਵਾਂ ਯਹੂਦਾ ਨੂੰ ਘਮੰਡੀ ਕਾਰਣ ਦਿੰਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ''ਜੋ ਉਹਨੇ ਕੀਤਾ ਇਸ ਲਈ ਕੀਤਾ ਕਿਉਂਕਿ ਉਹਦੇ ਦਿਮਾਗ਼ ਵਿਚ ਕੋਈ ਵੱਡਾ ਕਾਰਣ ਸੀ, ਇਹ ਨਹੀਂ ਹੋ ਸਕਦਾ!'' ਯਿਸੂ ਨੇ ਯਹੂਦਾ ਨੂੰ ਚੁਣਿਆ ਅਤੇ ਯਹੂਦਾ ਨੇ ਯਿਸੂ ਨੂੰ ਚੁਣਿਆ ਅਤੇ ਫਿਰ ਯਹੂਦਾ ਨੇ ਫੜਵਾਉਣਾ ਚੁਣਿਆ।

ਯਿਸੂ ਨੇ ਯਹੂਦਾ ਨੂੰ ਆਪਣੇ ਤਕ ਆਉਣ, ਬਲਕਿ ਚੁੰਮਣ ਦੀ ਵੀ ਇਜਾਜ਼ਤ ਦਿੱਤੀ (ਲੂਕਾ 22:47, 48)। ਪੂਰੀ ਗ੍ਰਿਫ਼ਤਾਰੀ ਦੌਰਾਨ ਯਿਸੂ ਕਈ ਵੱਖੋ-ਵੱਖ ਤਰ੍ਹਾਂ ਨਾਲ ਆਖ ਰਿਹਾ ਸੀ, ''ਇਸ ਤਰ੍ਹਾਂ ਨਾ ਕਰ-ਭੱਜ, ਯਹੂਦਾ, ਭੱਜ!''

ਇਸ ਤੋਂ ਅਸੀਂ ਇਹ ਹੀ ਨਿਚੋੜ ਕੱਢਦੇ ਹਾਂ ਕਿ ਯਹੂਦਾ ਇਕ ਸਫ਼ਲ ਕਪਟੀ ਸੀ। ਜੇ ਦੂਜੇ ਗਿਆਰਾਂ ਚੇਲਿਆਂ ਨੂੰ ਸਮਝ ਆ ਜਾਂਦੀ ਕਿ ਉਹ ਕੀ ਕਰਨ ਵਾਲਾ ਹੈ, ਤਾਂ ਉਨ੍ਹਾਂ ਨੇ ਉਹਨੂੰ ਰੋਕ ਲੈਣਾ ਸੀ। ਚਿਹਰੇ ਤੋਂ ਵੇਖ ਕੇ ਉਹ ਉਹਦੇ ਦਿਲ ਦੀ ਗੱਲ ਬੁੱਝ ਨਾ ਸਕੇ। ਉਹਨੂੰ ਕਲਗੀ ਜਾ ਚਿਮਟੀ ਨਹੀ ਲੱਗੀ ਸੀ। ਯਿਸੂ ਨੂੰ ਪਤਾ ਸੀ ਕਿ ਯਹੂਦਾ ਨੇ ਸ਼ੈਤਾਨ ਨੂੰ ਆਪਣੇ ਦਿਲ 'ਚ ਆਉਣ ਦਿੱਤਾ ਹੈ, ਇਸੇ ਕਰਕੇ ਉਹਨੇ ਉਹਨੂੰ ''ਨਾਸ ਦਾ ਪੁੱਤਰ'' ਆਖਿਆ (ਯੂਹੰਨਾ 17:12)। ਯੂਹੰਨਾ 12:4-6 ਆਖਦਾ ਹੈ ਕਿ ਭਰੋਸੇਮੰਦ ਖਜ਼ਾਨਚੀ ਯਹੂਦਾ ਚੋਰ ਸੀ ਅਤੇ ਰਸੂਲਾਂ ਦੀ ਗੁਥਲੀ ਵਿੱਚੋਂ ਹੱਥ ਮਾਰ ਲੈਂਦਾ ਸੀ।

ਸ਼ੈਤਾਨ ਯਹੂਦਾ 'ਚ ''ਆਇਆ'' (ਲੂਕਾ 22:3; ਯੂਹੰਨਾ 13:27)। ਖ਼ੁਦਾ ਲਈ ਬਣਾਇਆ ਗਿਆ ਮਨੁੱਖ ਜੇ ਚਾਹੇ ਤਾਂ ਉਹਨੂੰ ਸ਼ੈਤਾਨ ਰਾਹੀਂ ਵਰਤਿਆ ਜਾ ਸਕਦਾ ਹੈ। ਜਦ ਯਹੂਦਾ ਆਪਣਾ ਭਿਆਨਕ ਕੰਮ ਕਰਨ ਲੱਗਾ ਤਾਂ ਯਿਸੂ ਨੇ ਉਹਨੂੰ ਕਿਹਾ, ''ਜੋ ਤੂੰ ਕਰਨਾ ਹੈ ਸੋ ਛੇਤੀ ਕਰ'' (ਯੂਹੰਨਾ 13:26-30)। ਚੇਲੇ ਦੇ ਤੌਰ ਤੇ ਉਹ ਆਪਣੇ ਗੁਰੂ ਨਾਲ ਬੇਵਫ਼ਾ ਸੀ। ਉਹਨੇ ਸਿਰਫ਼ ਕੁਝ ਕੁ ਸਿੱਕਿਆਂ ਲਈ ਯਿਸੂ ਨੂੰ ਫੜਵਾ ਦਿੱਤਾ।

ਬਹੁਤ ਘੱਟ ਲੋਕ ਸਨ, ਜਿਨ੍ਹਾਂ ਨੂੰ ਯਹੂਦਾ ਵਾਲੀ ਬਰਕਤ ਮਿਲੀ। ਉਹ ਤਿੰਨ ਸਾਲ ਤਕ ਯਿਸੂ ਦੇ ਨਾਲ ਰਿਹਾ ਸੀ। ਉਹਨੂੰ ਖ਼ਾਸ ਸਹੂਲਤਾਂ ਮਿਲੀਆਂ ਹੋਈਆਂ ਸਨ, ਪਰ ਉਹ ਉਨ੍ਹਾਂ ਦਾ ਫ਼ਾਇਦਾ ਨਹੀਂ ਲੈ ਸਕਿਆ। ਉਹ ਸਿੱਖ ਨਹੀਂ ਸਕਿਆ; ਉਹ ਆਪਣੀ ਗ਼ਲਤੀ ਨਹੀਂ ਮੰਨ ਸਕਿਆ; ਉਹ ਤੌਬਾ ਨਹੀਂ ਕਰ ਸਕਿਆ। ਦੋ ਟੁੱਕ ਆਖਣਾ ਹੋਵੇ ਤਾਂ ਯਹੂਦਾ ਯਿਸੂ ਦਾ ਫ਼ਜ਼ਲ ਨਹੀਂ ਪਾ ਸਕਿਆ। ਯਹੂਦਾ ਨੇ ਘਮੰਡ ਤੋਂ ਪਛਤਾਵਾ ਕੀਤਾ ਪਰ ਉਹਨੇ ਫ਼ਜ਼ਲ ਜਾਂ ਕਿਰਪਾ ਕਰਕੇ ਤੌਬਾ ਨਹੀਂ ਕੀਤੀ।

ਯਹੂਦਾ ਜਿੰਨੀ ਚਿਤਾਵਨੀ ਕਿਸੇ ਨੂੰ ਅੱਜ ਤਕ ਨਹੀਂ ਮਿਲੀ ਸੀ। ਫੜਵਾਏ ਜਾਣ ਤੋਂ ਕਈ ਮਹੀਨੇ ਪਹਿਲਾਂ ਯਿਸੂ ਨੇ ਕਿਹਾ ਸੀ, ''ਕੀ ਮੈਂ ਤੁਸਾਂ ਬਾਰਾਂ ਨੂੰ ਨਹੀਂ ਚੁਣਿਆ? ਅਤੇ ਤੁਹਾਡੇ ਵਿੱਚੋਂ ਇਕ ਜਣਾ ਸ਼ੈਤਾਨ ਹੈ!'' (ਯੂਹੰਨਾ 6:70)। ਯਹੂਦਾ ਨੂੰ ਲੱਗਾ ਹੋ ਸਕਦਾ ਹੈ ਕਿ ਉਹਨੂੰ ਮਾਫ਼ੀ ਮਿਲ ਸਕਦੀ ਹੈ। ਪਰ ਉਹ ਰਸੂਲ ਦੇ ਤੌਰ ਤੇ ਕਿਸੇ ਵੀ ਤਰ੍ਹਾਂ ਬਹਾਲ ਨਹੀਂ ਹੋ ਸਕਿਆ। ਉਹਨੇ ਆਪਣੇ ਆਪ ਵਿਚ ਸੋਚਿਆ ਹੋਵੇਗਾ, ''ਇਹਦੇ ਬਾਅਦ ਮੇਰੇ ਭਾਈ ਮੈਨੂੰ ਕਬੂਲ ਨਹੀਂ ਕਰਨਗੇ।'' ਯਹੂਦਾ ਨੂੰ ਮੌਤ ਨਾਲੋਂ ਬਹੁਤਾ ਡਰ ਜ਼ਿੰਦਗੀ ਤੋਂ ਲੱਗਿਆ। ਉਹਨੇ ਆਰਜ਼ੀ ਮੁਸ਼ਕਿਲ ਦਾ ਪੱਕਾ ਹੱਲ ਕੱਢਣ ਲਈ ਖ਼ੁਦਕਸ਼ੀ ਕਰ ਲਈ। ਯਿਸੂ ਜੇ ਆਪਣੇ ਐਨੇ ਨਜ਼ਦੀਕੀ ਲੋਕਾਂ ਨੂੰ ਨਹੀਂ ਬਚਾ ਸਕਿਆ, ਤਾਂ ਅਸੀਂ ਵੀ ਨਹੀ ਬਚ ਸਕਦੇ!

*ਦੂਜੇ ਰਸੂਲਾਂ।* ਬਾਰ੍ਹਾਂ ਵਿੱਚੋਂ ਗਿਆਰਾਂ ਰਸੂਲ ਸਲੀਬ ਨੇੜੇ ਨਜ਼ਰ ਨਹੀਂ ਆਉਂਦੇ। ਯਹੂਦਾ ਨੇ ਫਾਹਾ ਲਾ ਲਿਆ ਸੀ ਅਤੇ ਦਸ ਲੁਕ ਗਏ ਸਨ। ਪੂਰਾ *ਪੈਂਡਾ* ਯੂਹੰਨਾ ਹੀ ਗਿਆ …। ਪਰ ਸਲੀਬ ਨੇੜੇ ਉਹਨੂੰ ਕੁਝ ਵੀ ਕਹਿੰਦੇ ਨਹੀਂ ਦੱਸਿਆ ਗਿਆ ਹੈ। ਯਿਸੂ ਬੇਹਤਰ ਦਾ ਹੱਕਦਾਰ ਸੀ! ਭਲਾ ਅਸੀਂ ਉਹਦੇ ਨਾਲ ਚੰਗਾ ਕਰਦੇ?

ਯਿਸੂ ਦੇ ਸਲੀਬ ਚੜ੍ਹਾਏ ਜਾਣ ਵੇਲੇ ਰਸੂਲ ਭਾਵੇਂ ਰੂਪੋਸ਼ ਹੋ ਗਏ ਸਨ, ਪਰ ਯਿਸੂ ਨੇ ਫਿਰ ਵੀ ਉਨ੍ਹਾਂ ਨੂੰ ਮਾਫ਼ ਕੀਤਾ ਅਤੇ ਉਨ੍ਹਾਂ ਨੂੰ ਵਰਤਿਆ। ਇਸ ਤੋਂ ਸਾਨੂੰ ਆਸ ਮਿਲਦੀ ਹੈ! ਰਸੂਲ

ਸਿਰਫ਼ ਨੱਸੇ ਹੀ ਸਨ (ਮੱਤੀ 26:56; ਮਰਕੁਸ 14:50; ਵੇਖੋ ਜ਼ਕਰਯਾਹ 13:7)। ਵਿਸ਼ਵਾਸ ਮੰਨਦਾ ਹੈ ਕਿ ਖ਼ੁਦਾ ਨੂੰ ਪਤਾ ਹੈ ਕਿ ਉਹ ਕੀ ਕਰ ਰਿਹਾ ਹੈ। ਭਲਾ ਸਲੀਬ ਰਸੂਲਾਂ ਨੂੰ ਬਹੁਤ ਜ਼ਿਆਦਾ ਲੱਗੀ? ਭਲਾ ਪੀੜ ਅਤੇ ਸੰਤਾਪ ਉਨ੍ਹਾਂ ਤੇ ਛਾ ਗਿਆ ਸੀ? ਬਾਈਬਲ ਯਿਸੂ ਵੱਲੋਂ ਝੱਲੀ ਤਕਲੀਫ਼ 'ਤੇ ਬਹੁਤਾ ਜ਼ੋਰ ਨਹੀਂ ਦਿੰਦੀ। ਇਹ ਲਹੂ, ਸਾਡੀ ਮੁਕਤੀ ਲਈ ਮੌਤ, ਅਤੇ ਜੀ ਉਠੱਣ ਦੀ ਅਹਿਮੀਅਤ ਤੇ ਜ਼ੋਰ ਦਿੰਦੀ ਹੈ।

*ਮਰੀਅਮ, ਮਾਰਥਾ ਅਤੇ ਲਾਜ਼ਰ।* ਸਲੀਬ 'ਤੇ, ਕਬਰ ਤੇ ਅਤੇ ਚੁਬਾਰੇ ਵਾਲੇ ਕਮਰੇ ਵਿਚ ਖ਼ਾਸ ਤੌਰ ਤੇ ਇਨ੍ਹਾਂ ਤਿੰਨਾਂ ਦੇ ਹੋਣ ਦਾ ਜ਼ਿਕਰ ਆਉਂਦਾ ਹੈ (ਉਦਾਹਰਣ ਲਈ, ਵੇਖੋ ਮੱਤੀ 27:55, 56, 61; ਮਰਕੁਸ 15:40, 47; ਲੂਕਾ 23:49, 55; 24:10; ਯੂਹੰਨਾ 19:25; ਰਸੂਲਾਂ ਦੇ ਕੰਮ 1:13, 14)। ਰਸੂਲਾਂ ਦੇ ਕੰਮ ਕਿਤਾਬ ਜਾਂ ਪੱਤਰੀਆਂ ਵਿਚ ਉਨ੍ਹਾਂ ਦਾ ਜ਼ਿਕਰ ਨਹੀਂ ਹੈ।[1] ਇਹ ਉਹ ਲੋਕ ਸਨ ਜਿਨ੍ਹਾਂ ਨਾਲ ਯਿਸੂ ਨੇ ਆਪਣੇ ਆਖ਼ਰੀ ਦਿਨ ਕੱਟੇ ਸਨ। ਉਹ ਉਨ੍ਹਾਂ ਨੂੰ ਪਿਆਰ ਕਰਦਾ ਸੀ (ਯੂਹੰਨਾ 11:5)।

ਆਮਤੌਰ ਤੇ, ਜਿਨ੍ਹਾਂ ਨਾਲ ਤੁਸੀਂ ਪਿਆਰ ਕਰਦੇ ਹੋ ਅਤੇ ਜਿਨ੍ਹਾਂ ਲਈ ਤੁਸੀਂ ਬੜੀ ਮਿਹਨਤ ਕਰਦੇ ਹੋ, ਉਨ੍ਹਾਂ ਨੂੰ ਤੁਸੀਂ ਸਭ ਤੋਂ ਘੱਟ ਪ੍ਰਭਾਵਿਤ ਕਰ ਪਾਉਂਦੇ ਹੋ। ਭਲਾ ਤਿੰਨੇ ਪਹਿਲਾਂ ਹੀ ਬਹੁਤ ਦੁਖੀ ਸਨ (ਯੂਹੰਨਾ 11:1-44)? ਇਹ ਧਿਆਨ ਦਿੱਤਾ ਗਿਆ ਹੈ ਕਿ ਲਾਜ਼ਰ ਦਾ ਜੀ ਉੱਠਣਾ ਯਿਸੂ ਨੂੰ ਸਲੀਬ ਦਿੱਤੇ ਜਾਣ ਦਾ ਬਹਾਨਾ ਬਣ ਗਿਆ ਸੀ। ਭਲਾ ਉਨ੍ਹਾਂ ਨੇ ਸੋਚਿਆ ਕਿ ਜੇ ਉਹ ਸਲੀਬ ਦੇ ਕਦਮਾਂ 'ਚ ਖੜੇ ਹੋਣਗੇ ਤਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਖ਼ਤਰੇ ਵਿਚ ਪੈਣਗੀਆਂ? ਭਲਾ ਉਨ੍ਹਾਂ ਲਈ ਯਿਸੂ ਦੇ ਨਾਲ ਖਲੋਣਾ ਬਹੁਤ ਜੋਖਿਮ ਭਰਿਆ ਸੀ?

*ਹੋਰ ਜਣੇ।* ਭਲਾ ਯਿਸੂ ਦੇ ਦੁਨਿਆਵੀ ਭਰਾ ਉੱਥੇ ਸਨ? ਰਸੂਲਾਂ ਦੇ ਕੰਮ 1 ਵਿਚ ਚੁਬਾਰੇ ਵਾਲੇ ਕਮਰੇ ਵਿਚ ਉਹ ਹੈ ਸਨ, ਪਰ ਸਲੀਬ 'ਤੇ ਆਪਣੀ ਮਾਂ ਲਾਗੇ ਨਹੀਂ ਸਨ। ਯੂਹੰਨਾ ਉੱਥੇ ਰਿਹਾ, ਪਰ ਉਹ ਨੱਸ ਗਏ ਸਨ (ਯੂਹੰਨਾ 19:25-27)।

ਭਲਾ ਬਰਅੱਬਾ ਉੱਥੇ ਸੀ? ਅਸੀਂ ਉਹਨੂੰ ਦਹਿਸ਼ਗਰਦ ਆਖਾਂਗੇ (ਮਰਕੁਸ 15:7; ਲੂਕਾ 23:18, 19)। ਪਿਲਾਤੁਸ ਹੈਰਾਨ ਸੀ ਕਿ ਯਹੂਦੀਆਂ ਨੇ ਯਿਸੂ ਦੀ ਬਜਾਇ ਬਰਅੱਬਾ ਨੂੰ ਛੁਡਾਉਣਾ ਚੁਣਿਆ ਸੀ (ਮੱਤੀ 27:15-23; ਮਰਕੁਸ 15:6-14; ਲੂਕਾ 23:17-23)। ਤੁਹਾਨੂੰ ਕੀ ਲਗਦਾ ਹੈ ਕਿ ਬਰਅੱਬਾ ਨੇ ਕੀ ਕੀਤਾ ਹੋਵੇਗਾ?

ਉਨ੍ਹਾਂ ਲੋਕਾਂ ਬਾਰੇ ਤੁਹਾਡਾ ਕੀ ਖਿਆਲ ਹੈ ਜਿਨ੍ਹਾਂ ਨੂੰ ਯਿਸੂ ਨੇ ਚੰਗਾ ਕੀਤਾ ਸੀ? ਉਹ ਉੱਥੇ ਸਨ? ਕੀ ਉਹ ਬਹੁਤ ਜ਼ਿਆਦਾ ਪਰੇਸ਼ਾਨ ਹੋ ਗਏ ਸਨ ਜਾਂ ਸ਼ਰਮਿੰਦੇ ਹੋ ਉੱਥੋਂ ਖਿਸਕ ਗਏ?

## ਕੁਝ ਜੋ ਉੱਥੇ ਸਨ

*ਸ਼ਮੌਨ ਕੁਰੇਨੀ।* ਜਦ ਯਿਸੂ ਦੀ ਮਨੁੱਖਤਾ ਹਾਰ ਗਈ ਤਾਂ ਸ਼ਮੌਨ ਆ ਗਿਆ। ਯਿਸੂ ਦੀ ਹਿੰਮਤ ਜਵਾਬ ਦੇ ਗਈ ਸੀ। ਉਹ ਸਲੀਬ ਹੋਰ ਅੱਗੇ ਨਹੀਂ ਲਿਜਾ ਸਕਦਾ ਸੀ, ਜਿਸ ਕਰਕੇ ਜਲੂਸ ਗੁਲਗੁਤਾ ਵਿਚ ਰੁਕ ਗਿਆ (ਮੱਤੀ 27:32; ਮਰਕੁਸ 15:21; ਲੂਕਾ 23:26)।

ਆਮਤੌਰ ਤੇ ਅਸੀਂ ਰੁਕਾਵਟਾਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਾਂ। ਕਈ ਤਕਲੀਫ਼ਦੇਹ ਵੀ ਹੋ ਸਕਦੀਆਂ ਹਨ। ਅਸੀਂ ਅਕਸਰ ਇਹੀ ਸੋਚਦੇ ਹਾਂ ਕਿ ''ਇਸ ਰੁਕਾਵਟ ਦੇ ਬਾਅਦ ਜ਼ਿੰਦਗੀ ਪਟਰੀ ਤੇ ਆ ਜਾਵੇਗੀ।'' ਨਹੀਂ, ਨਹੀ, ਨਹੀਂ! ਜ਼ਿੰਦਗੀ ਰੁਕਾਵਟਾਂ ਹੀ ਤਾਂ ਹੈ। ਇੰਜੀਲ ਸਾਨੂੰ

ਮਸ਼ੀਹ ਦੀ ਜ਼ਿੰਦਗੀ ਦੀਆਂ ਕਈ ਰੁਕਾਵਟਾਂ ਬਾਰੇ ਦੱਸਦੀ ਹੈ। ਇਸ ਮੌਕੇ ਤੇ, ਸ਼ਮੌਨ ਦੀ ਜ਼ਿੰਦਗੀ ਵਿਚ ਰੁਕਾਵਟ ਆਈ ਸੀ।

ਸ਼ਮੌਨ ਨੂੰ ਯਿਸੂ ਦੀ ਸਲੀਬ ਲੈ ਕੇ ਜਾਣ ਲਈ ਕਿਹਾ ਗਿਆ ਸੀ। ਇਸ ਵਿਚ ਖ਼ੁਦਾ ਦਾ ਇੰਤਜ਼ਾਮ ਨਜ਼ਰ ਆਉਂਦਾ ਹੈ। ਇਸ ਆਦਮੀ ਨੇ ਜ਼ਿੰਦਗੀ ਭਰ ਦੀ ਧਾਰਮਿਕ ਯਾਤਰਾ ਕਰਦਿਆਂ ਸੈਂਕੜੇ ਮੀਲ ਦਾ ਪੈਂਡਾ ਕੀਤਾ ਸੀ। ਅਚਾਨਕ ਉਹਨੂੰ ਇਕ ਕੈਦੀ ਦੀ ਸਲੀਬ ਲਿਜਾਣ ਲਈ ਵਗਾਰੇ ਲਿਆ ਗਿਆ।

ਮਰਕੁਸ ਨੇ ਬ੍ਰੈਕਟਾਂ ਵਿਚ ਰੱਖ ਕੇ ਇਕ ਦਿਲਚਸਪ ਟਿੱਪਣੀ ਜੋੜੀ। ਸ਼ਮੌਨ ਬਾਰੇ ਉਹਨੇ ਕਿਹਾ ਕਿ ਉਹ ਸਿਕੰਦਰ ਅਤੇ ਰੂਫ਼ੁਸ ਦਾ ਪਿਤਾ ਸੀ (ਮਰਕੁਸ 15:21)। ਉਹ ਉਸ ਰੂਫ਼ੁਸ ਦਾ ਪਿਤਾ ਹੋ ਸਕਦਾ ਹੈ, ਜਿਹਦਾ ਜ਼ਿਕਰ ਰੋਮੀਆਂ 16:13 ਵਿਚ ਪੌਲੁਸ ਨੇ ਕੀਤਾ, ਪਰ ਪੱਕਾ ਨਹੀਂ ਕਿਹਾ ਜਾ ਸਕਦਾ।

ਸ਼ਮੌਨ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਦੋ ਹਜ਼ਾਰ ਸਾਲਾਂ ਬਾਅਦ ਵੀ ਲੋਕ ਉਹਨੂੰ ਜਾਣਦੇ ਹੋਣਗੇ। ਉਹਦੇ ਖਿਆਲ ਅਤੇ ਮਕਸਦ ਜੋ ਵੀ ਹੋਣ, ਪਰ ਬਾਈਬਲ ਵਿਚ ਅਤੇ ਇਤਿਹਾਸ ਵਿਚ ਉਹਦਾ ਨਾਂਅ ਹਮੇਸ਼ਾ ਰਹੇਗਾ। ਅਸੀਂ ਸਲੀਬ ਚੁੱਕ ਕੇ ਲਿਜਾਣ ਲਈ ਉਹਦੀ ਸ਼ੁਕਰਗੁਜ਼ਾਰੀ ਕਰਨ ਦੇ ਕਰਜ਼ਦਾਰ ਹਾਂ, ਜਦ ਯਿਸੂ ਹੋਰ ਅੱਗੇ ਨਹੀਂ ਖੜ ਸਕਦਾ ਸੀ। ਸ਼ਮੌਨ ਨੇ ਸਲੀਬ ਦੇ ਬਾਲੇ (ਆਡਾ ਡੰਡਾ) ਵਾਲਾ ਹਿੱਸਾ ਚੁੱਕਿਆ ਸੀ। ਸ਼ੁਕਰੀਆ, ਸ਼ਮੌਨ। ਖ਼ੁਦਾ ਉਨ੍ਹਾਂ ਨੂੰ ਬਰਕਤਾਂ ਦਿੰਦਾ ਹੈ ਜੋ ਉਹਦੇ ਪੁੱਤਰ ਦੀ ਮਦਦ ਕਰਦੇ ਹਨ।

*ਔਰਤਾਂ।* ਹਮਦਰਦੀ ਕਰਨ ਵਾਲੀਆਂ, ਦੁਖੀ ਔਰਤਾਂ (ਲੂਕਾ 23:27-31) ਯਿਸੂ ਦੇ ਗੁਲਗੁਤਾ ਨੂੰ ਜਾਣ ਸਮੇਂ ਕੁਰਲਾਉਂਦੀਆਂ ਸਨ। ਯਿਸੂ ਨੇ ਉਨ੍ਹਾਂ ਨੂੰ ਡਰਾ ਦੇਣ ਵਾਲਾ ਪ੍ਰਕਾਸ਼ ਦਿੱਤਾ। ਉਨ੍ਹਾਂ ਨੇ ਛੇਤੀ ਹੀ ਆਪਣੇ ਲਈ ਕੁਰਲਾਉਣਾ ਸੀ। ਯਰੂਸ਼ਲਮ ਨੇ ਯਿਸੂ ਨੂੰ ਸਲੀਬ ਦੇ ਦਿੱਤਾ, ਪਰ ਖ਼ੁਦਾ ਨੇ ਰੋਮੀ ਜੇਤੂਆਂ ਰਾਹੀਂ ਯਰੂਸ਼ਲਮ ਨੂੰ ਬਰਬਾਦ ਹੋਣ ਦੇਣਾ ਸੀ (67-70ਈ.)।

ਔਰਤਾਂ ਉੱਥੇ ਸਨ। ਉਹ ਭੱਜੀਆਂ ਨਹੀਂ। ਉਨ੍ਹਾਂ ਨੇ ਪਰਵਾਹ ਕੀਤੀ। ਉਨ੍ਹਾਂ ਡੂੰਘੇ ਜਜ਼ਬਾਤਾਂ ਅਤੇ ਭਾਵਨਾ ਨਾਲ ਉਹਦੇ ਵੱਲ ਵੇਖਿਆ। ਬਾਅਦ ਵਿਚ ਔਰਤਾਂ ਨੇ ਯਿਸੂ ਦੇ ਦਫ਼ਨਾਉਣ ਵਿਚ ਮਦਦ ਕੀਤੀ ਅਤੇ ਉਹਦੀ ਕਬਰ ਦੀ ਨਿਗਰਾਨੀ ਕਰਦੀਆਂ ਰਹੀਆਂ (ਮੱਤੀ 27:55-61; ਮਰਕੁਸ 15:40-47; ਲੂਕਾ 23:49-56)। ਖ਼ੁਦਾ ਉਨ੍ਹਾਂ ਨੇਕ ਔਰਤਾਂ ਨੂੰ ਬਰਕਤ ਦਏ ਜੋ ਯਿਸੂ ਨੂੰ ਪਿਆਰ ਕਰਦੀਆਂ ਹਨ!

ਯਿਸੂ ਦੀ ਮਾਤਾ ਮਰੀਅਮ ਸੋਗ ਵਿਚ ਡੁੱਬੀ ਉਹਦੀ ਸਲੀਬ ਕੋਲ ਖਲੋਤੀ ਸੀ। ਸਾਨੂੰ ਹੈਰਾਨਗੀ ਹੁੰਦੀ ਹੈ ਕਿ ਉਹ ਉੱਥੇ ਸੀ। ਕੁਝ ਵੀ ਹੋ ਜਾਣ ਤੇ, ਜਦ ਸਭ ਤੁਹਾਨੂੰ ਛੱਡ ਜਾਣ ਤਾਂ ਕੌਣ ਤਹਾਡੇ ਕੋਲ ਹੋਵੇਗਾ? ਤੁਹਾਡੀ ਮਾਂ! ਪਤਰਸ ਵਰਗੇ ਦੋਸਤ ਵੀ ਮੁੱਕਰ ਕੇ ਖਿੰਡ-ਪੁੰਡ ਜਾਂਦੇ ਹਨ, ਪਰ ਚੰਗੀਆਂ ਮਾਵਾਂ ਹਮੇਸ਼ਾ ਕੋਲ ਹੋਣਗੀਆਂ! ਯਿਸੂ ਆਪਣੀ ਸਲੀਬ ਨੂੰ ਛੱਡ ਨਹੀਂ ਸਕਦਾ ਸੀ। ਮਰੀਅਮ ਨੂੰ ਪੂਰੀ ਸਮਝ ਨਹੀਂ ਸੀ ਕਿ ਉਹ ਇਵੇਂ ਕਿਉਂ ਕਰ ਰਿਹਾ ਹੈ, ਪਰ ਉਹ ਸਲੀਬ ਦੇ ਕਦਮਾਂ 'ਚ ਰਹੀ।

ਹਰ ਯਹੂਦੀ ਮੁਟਿਆਰ ਮਸੀਹਾ ਦੀ ਮਾਂ ਬਣਨ ਦੀ ਦੁਆ ਕਰਦੀ ਸੀ। ਮਰੀਅਮ ਦੰਗ ਰਹਿ ਗਈ ਹੋਵੇਗੀ ਕਿ ਖ਼ੁਦਾ ਨੇ ਉਹਨੂੰ ਆਪਣੇ ਪੁਤਰ ਦੇ ਜਨਮ ਦੇਣ ਅਤੇ ਉਹਦਾ ਪਾਲਣ ਪੋਸ਼ਣ ਕਰਨ ਲਈ ਚੁਣਿਆ (ਲੂਕਾ 1:26-38)। ਉਹ ਚੁਨੌਤੀ ਤੋਂ ਵੀ ਡਰ ਗਈ ਹੋਵੇਗੀ।

ਇਹ ਖ਼ੁਦਾ ਦਾ ਇਕਲੌਤਾ ਪੁੱਤਰ ਸੀ! ਉਹਦਾ ਪਾਲਣ-ਪੋਸ਼ਣ ਕਰਨ ਲਈ ਉਹਨੂੰ ਕੀ ਕਰਨਾ ਪਿਆ ਸੀ? ਮਰੀਅਮ ਨੇ ਯਿਸੂ ਦੀ ਮਾਂ ਹੋਣ ਦੀ ਬਹੁਤ ਕੀਮਤ ਚੁਕਾਈ। ਸ਼ਮੌਨ ਨਬੀ ਨੇ ਕਿਹਾ ''ਸਗੋਂ ਤਲਵਾਰ ਤੇਰੀ ਜਿੰਦ ਦੇ ਵਿੱਚੋਂ ਦੀ ਫਿਰ ਜਾਵੇਗੀ ਤਾਂ ਜੋ ਬਹੁਤਿਆਂ ਦੇ ਮਨਾਂ ਦੀਆਂ ਸੋਚਾਂ ਪਰਗਟ ਹੋ ਜਾਣ'' (ਲੂਕਾ 2:35)। ਇਹ ਕੋਈ ਮਾਂ ਹੀ ਦੱਸ ਸਕਦੀ ਹੈ ਕਿ ਮਰੀਅਮ ਨਾਲ ਉਸ ਵਕਤ ਕੀ ਬੀਤੀ ਹੋਵੇਗੀ। ਸਾਡੇ ਲਈ ਚੇਲਾ ਬਣਨ ਦੀ ਕੀਮਤ ਵੀ ਉਹੀ ਹੈ। ਸਾਨੂੰ ਵੀ ਕੀਮਤ ਚੁਕਾਉਣ ਲਈ ਤਿਆਰ ਰਹਿਣ ਦੀ ਲੋੜ ਹੈ।

ਭਲਾ ਅਸੀਂ ਦੂਰੋਂ ਹੀ ਇਸ ਨੂੰ ਸਮਝ ਸਕਦੇ ਹਾਂ ਕਿ ਚਾਰਦੀਵਾਰੀ ਵਿਚ ਯਿਸੂ ਨਾਲ ਕੀ-ਕੀ ਬੀਤਿਆ? ਉਹਦੀ ਮਨੁੱਖਤਾ ਨਾਲੋਂ ਉਹਦੀ ਖ਼ੁਦਾਈ ਨੂੰ ਸਮਝਣਾ ਸੌਖਾ ਹੈ। ਇਨਸਾਨੀ ਤੌਰ ਤੇ ਆਖੀਏ ਤਾਂ ਅਸੀਂ ਮੰਨ ਸਕਦੇ ਹਾਂ ਕਿ ਯਿਸੂ ਇਕ ਵਿਦਿਆਰਥੀ ਹੈ, ਇਕ ਉੱਭਰਦਾ ਅਥਲੀਟ, ਜਵਾਨ ਜਿਹਦੇ ਹੱਕ ਵਿਚ ਲੋਕ ਧਾਰਣਾ ਸੀ ਕਿ ਉਹ ''ਜਿੱਤੇਗਾ ਹੀ।'' ਮਰੀਅਮ ਹੈਰਾਨ ਹੁੰਦੀ ਹੋਵੇਗੀ ਕਿ ''ਇਹ ਬੱਚਾ ਕਿਹੋ ਜਿਹਾ ਬੰਦਾ ਬਣੇਗਾ?'' (ਵੇਖੋ ਲੂਕਾ 1:66)। ਉਹਦੇ ਪਾਲਨ ਪੋਸ਼ਣ ਵਿਚ ਉਹਦਾ ਅਨੁਭਵ ਕਿੰਨਾ ਸ਼ਾਨਦਾਰ ਹੋਵੇਗਾ!

ਇੱਥੇ ਸਬਕ ਕੀ ਹੈ? ਰੂਹਾਨੀ ਮਾਮਲਿਆਂ ਵਿਚ, ਦੁਨਿਆਵੀ ਪਰਿਵਾਰ ਦੀ ਅਹਿਮੀਅਤ ਨਹੀਂ ਹੁੰਦੀ। ਖ਼ੁਦਾ ਕਿਸੇ ਦਾ ਪੱਖ ਨਹੀਂ ਕਰਦਾ (ਰਸੂਲਾਂ ਦੇ ਕੰਮ 10:34)। ਯਿਸੂ ਦੇ ਪਰਿਵਾਰ ਦਾ ਕੋਈ ਧੂਮ-ਧਮਾਕਾ ਨਹੀਂ ਸੀ। ਮਰੀਅਮ, ਯਿਸੂ ਦੇ ਭਰਾ ਅਤੇ ਉਹਦੀਆਂ ਭੈਣਾਂ ਲਈ ਵੀ ਇੰਜੀਲ ਦੀ ਗੱਲ ਮੰਨਣੀ ਓਨੀ ਹੀ ਜ਼ਰੂਰੀ ਸੀ ਜਿੰਨੀ ਹੋਰਨਾਂ ਲਈ! ਉਨ੍ਹਾਂ ਲਈ ਵੀ ਸਾਡੇ ਵਾਂਗ ਹੀ ਮਸੀਹ ਦੇ ਚੇਲੇ ਬਣਨਾ ਜ਼ਰੂਰੀ ਸੀ, ਅਤੇ ਉਹ ਬਣੇ ਵੀ। ਉਹ ਇੰਜੀਲ ਦਾ ਸੰਦੇਸ਼ ਪਹਿਲੀ ਵਾਰ ਸੁਣਾਏ ਜਾਣ ਤੋਂ ਪਹਿਲਾਂ ਹੋਣ ਵਾਲੀਆਂ ਦੁਆਵਾਂ ਵਿਚ ਸ਼ਾਮਿਲ ਸਨ (ਰਸੂਲਾਂ ਦੇ ਕੰਮ 1:13, 14)। ਮੁਤਬੰਨਾ ਪਿਤਾ ਯੂਸੁਫ਼ ਉਸ ਸਭ ਵਿਚ ਵਫ਼ਾਦਾਰ ਸੀ ਜੋ ਉਹਨੂੰ ਕਰਨ ਲਈ ਕਿਹਾ ਗਿਆ ਸੀ। ਮਰੀਅਮ ਆਪਣੇ ਪੁੱਤਰ ਪ੍ਰਤੀ ਵਫ਼ਾਦਾਰ ਸੀ ਅਤੇ ਬਾਅਦ ਵਿਚ ਉਹਦੀ ਕਲੀਸੀਆ ਪ੍ਰਤੀ ਵੀ।

ਅੱਜ ਮਰੀਅਮ ਜਾਂ ਤਾਂ ਦਿਲਾਂ ਵਿੱਚੋਂ ਕੱਢੀ ਜਾਂਦੀ ਹੈ ਜਾਂ ਖ਼ੁਦਾ ਦੀ ਮਾਂ ਮੰਨੀ ਜਾਂਦੀ ਹੈ। ਦੋਵੇਂ ਹੀ ਵਿਚਾਰ ਗ਼ਲਤ ਹਨ। ਉਹਨੂੰ ਕੋਈ ਖ਼ੁਦਾਈ ਅਹੁਦਾ ਨਹੀਂ ਮਿਲਿਆ, ਪਰ ਬੇਹਦ ਬਰਕਤ ਜ਼ਰੂਰ ਮਿਲੀ (ਵੇਖੋ ਲੂਕਾ 11:27, 28): ਉਹਦਾ ਪੁੱਤਰ ਉਹਦਾ ਮੁਕਤੀਦਾਤਾ ਬਣਿਆ! (ਵੇਖੋ ਰਸੂਲਾਂ ਦੇ ਕੰਮ 1:14.) ਰਸੂਲਾਂ ਦੇ ਕੰਮ ਕਿਤਾਬ ਦੇ ਬਾਅਦ ਮਰੀਅਮ ਨੂੰ ਵਚਨ ਵਿਚ ਥਾਂ ਨਹੀਂ ਮਿਲਦੀ।

ਹੋਰ ਔਰਤਾਂ ਜੋ ਯਿਸੂ ਨੂੰ ਪਿਆਰ ਕਰਦੀਆਂ ਸਨ ਸਲੀਬ ਕੋਲ ਸਨ। ਮਰੀਅਮ ਮਗਦਲੀਨੀ ਉੱਥੇ ਸੀ। ਜੀ ਉੱਠਣ ਦੇ ਬਾਅਦ ਯਿਸੂ ਪਹਿਲਾਂ ਮਰੀਅਮ ਮਗਦਲੀਨੀ ਨੂੰ ਹੀ ਵਿਖਾਈ ਦਿੱਤਾ ਸੀ, ਜਿਸ ਵਿੱਚੋਂ ਉਹਨੇ ਸੱਤ ਬਦਰੂਹਾਂ ਕੱਢੀਆਂ ਸਨ (ਮਰਕੁਸ 16:9; ਲੂਕਾ 8:2)। ਇਕ ਤੀਜੀ ਮਰੀਅਮ ਵੀ ਸੀ, ਜੋ ਯਾਕੂਬ ਅਤੇ ਯੋਸੇਸ ਦੀ ਮਾਂ ਸੀ (ਮਰਕੁਸ 15:40)। ਯਾਕੂਬ ਅਤੇ ਯੂਹੰਨਾ ਦੀ ਮਾਂ ਸਲੋਮੀ ਵੀ ਯੋਆਨਾ ਵਾਂਗ ਉੱਥੇ ਹੀ ਸੀ (ਲੂਕਾ 24:10)। ਗਲੀਲੀ ਔਰਤਾਂ (ਮੱਤੀ 27:55; ਮਰਕੁਸ 15:40, 41; ਲੂਕਾ 23:49, 55) ਉੱਥੇ ਸਨ ਅਤੇ ਉਹ ਸਲੀਬ ਕੋਲ ਹੀ ਠਹਿਰੀਆਂ ਰਹੀਆਂ। ਸਲੀਬ ਕੋਲ ਅਖੀਰ ਤਕ ਰਹਿਣ ਵਾਲੀਆਂ ਅਤੇ ਕਬਰ 'ਤੇ ਸਭ ਤੋਂ ਪਹਿਲਾਂ ਜਾਣ ਵਾਲੀਆਂ ਔਰਤਾਂ ਹੀ ਸਨ। ਨੇਕ ਔਰਤਾਂ ਲਈ ਖ਼ੁਦਾ ਦੀ ਤਾਰੀਫ਼ ਹੋਵੇ!

*ਸਲੀਬ 'ਤੇ ਡਾਕੂ।* ਪੜ੍ਹੋ ਲੂਕਾ 23:39-43. ਡਾਕੂ ਸਾਡਾ ਧਿਆਨ ਖਿੱਚਦਾ ਹੈ। ਇਸ ਡਾਕੂ ਵਾਲੀ ਸਾਡੀ ਸੋਚ ਦਾ ਕਿਸੇ ਤਰ੍ਹਾਂ ਪਤਾ ਨਹੀਂ ਲਗਦਾ। ਕੀ ਅਸੀਂ ਸੋਚ ਕੇ ਦਿਮਾਗ਼ੀ ਤੌਰ 'ਤੇ ਈਮਾਨਦਾਰ ਰਹਿਣਾ ਚਾਹੁੰਦੇ ਹਾਂ?

ਡਾਕੂ ਬਚਾਇਆ ਗਿਆ ਸੀ। ਯਿਸੂ ਪਾਪੀਆਂ *ਦੇ ਨਾਲ* ਪਾਪੀਆਂ *ਦੇ ਲਈ* ਮਰਿਆ। ਧਰਤੀ 'ਤੇ ਰਹਿੰਦਿਆਂ ਉਹਨੂੰ ਪਾਪ ਮਾਫ਼ ਕਰਨ ਦਾ ਅਖ਼ਤਿਆਰ ਸੀ (ਮੱਤੀ 9:4-6; ਮਰਕੁਸ 2:8-11; ਲੂਕਾ 5:22-24)। ਉਹ ਮਰ ਰਿਹਾ ਸੀ, ਪਰ ਮੁਰਦਾ ਨਹੀਂ ਸੀ, ਜਿਸ ਕਰਕੇ ਉਹਨੇ ਇਸ ਆਦਮੀ ਨੂੰ ਨਜਾਤ ਦਿੱਤੀ।

ਕੁਝ ਲੋਕ ਰੌਲਾ ਪਾਉਂਦੇ ਹਨ, ''ਉਹ ਡਾਕੂ ਬੜਾ ਭੈੜਾ ਬੰਦਾ ਸੀ, ਬੜਾ ਗਿਰਿਆ ਹੋਇਆ ਸੀ, ਉਹਨੇ ਜ਼ਿੰਦਗੀ 'ਚ ਕੋਈ ਚੰਗਾ ਕੰਮ ਨਹੀਂ ਕੀਤਾ ਸੀ ਅਤੇ ਹੁਣ ਆਖ਼ਰੀ ਸਾਹਾਂ ਵਿਚ ਰੱਬ ਨੂੰ ਯਾਦ ਕਰ ਰਿਹਾ ਸੀ।'' ਸਾਨੂੰ ਚਾਹੀਦਾ ਹੈ ਕਿ ਅਸੀਂ ਖ਼ੁਦਾ ਨੂੰ ਸਲਾਹ ਨਾ ਦਈਏ ਕਿ ਉਹਨੂੰ ਆਪਣੀ ਕਿਰਪਾ ਲੋਕਾਂ 'ਤੇ ਕਿਵੇਂ ਕਰਨੀ ਚਾਹੀਦੀ ਹੈ! ਸਾਨੂੰ ਦੱਸਣ ਦੀ ਲੋੜ ਨਹੀਂ ਹੈ ਕਿ ਯਿਸੂ ਕਿਸ ਨੂੰ ਬਚਾ ਸਕਦਾ ਹੈ! ਅਸੀਂ ਕਿਸੇ ਪਾਪੀ ਨੂੰ ਗੁਆਚੇ ਰੱਖਣ ਦੀ ਕੋਸ਼ਿਸ਼ ਕਿਉਂ ਕਰੀਏ? ਜ਼ਰਾ ਸੋਚੋ: ਇਸ ਡਾਕੂ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਦਿਨ ਉਹਦੇ ਸਲੀਬ 'ਤੇ ਚੜ੍ਹਾਏ ਜਾਣ ਦਾ ਦਿਨ ਸੀ!

ਤੁਸੀਂ ਆਖਦੇ ਹੋ, ''ਪਰ ਉਹਨੇ ਕੁਝ ਨਹੀਂ ਕੀਤਾ ਸੀ।'' ਹਾਂ, ਪਰ ਉਹਨੇ ਕੀਤਾ ਸੀ! ਉਹਨੇ ਉਸ ਪਲ 'ਤੇ ਦਾਅਵਾ ਕੀਤਾ। ਉਹਨੇ ਜੋ ਉਸ ਤੋਂ ਹੋ ਸਕਿਆ ਕੀਤਾ। ਉਹਨੇ ਯਿਸੂ ਦੇ ਪ੍ਰਭੂ ਹੋਣ ਦਾ ਇਕਰਾਰ ਕੀਤਾ। ਉਹਨੇ ਤੌਬਾ ਨਾ ਕਰਨ ਵਾਲੇ ਡਾਕੂ ਨੂੰ ਝਿੜਕਿਆ। ਸਲੀਬ 'ਤੇ ਮਸੀਹ ਦੀ ਹਮਾਇਤ ਕਰਨ ਵਾਲਾ ਉਹੀ ਇੱਕੋ ਸ਼ਖ਼ਸ ਸੀ।

ਤੁਸੀਂ ਆਖਦੇ ਹੋ, ''ਉਹ ਬਿਨਾਂ ਬਪਤਿਸਮੇ ਦੇ ਬਚਾਇਆ ਗਿਆ।'' ਹੋ ਵੀ ਸਕਦਾ ਹੈ ਅਤੇ ਨਹੀਂ ਵੀ! ਹਾਲਾਤ ਤੋਂ ਇਹ ਲਗਦਾ ਹੈ ਕਿ ਡਾਕੂ ਨੇ ਬਪਤਿਸਮਾ ਲਿਆ ਹੋ *ਸਕਦਾ* ਹੈ। ''ਸਾਰੇ ਯਹੂਦੀਆ'' ਦੇ ਲੋਕਾਂ ਨੇ ਯੂਹੰਨਾ ਤੋਂ ਬਪਤਿਸਮਾ ਲੈ ਕੇ ਉਹਦੀ ਗੱਲ ਮੰਨੀ ਸੀ (ਮੱਤੀ 3:4-6; ਮਰਕੁਸ 1:4, 5)। ਧਾਰਮਿਕ ਲੋਕਾਂ ਨੇ ਯੂਹੰਨਾ ਅਤੇ ਉਹਦੇ ਬਪਤਿਸਮੇ ਨੂੰ ਰੱਦ ਦਿੱਤਾ ਸੀ (ਲੂਕਾ 7:29, 30)। ਮਸੂਲ ਲੈਣ ਵਾਲਿਆਂ ਅਤੇ ਵੇਸਵਾਵਾਂ ਨੇ ਯੂਹੰਨਾ ਦੇ ਬਪਤਿਸਮੇ ਨੂੰ ਮੰਨ ਲਿਆ ਸੀ। ਯਿਸੂ ਅਤੇ ਉਹਦੇ ਰਸੂਲ ਬਾਅਦ ਵਿਚ ਯੂਹੰਨਾ ਨਾਲੋਂ ਵੱਧ ਲੋਕਾਂ ਨੂੰ ਬਪਤਿਸਮਾ ਦੇ ਰਹੇ ਸਨ (ਯੂਹੰਨਾ 4:1, 2)। ਉਸ ਡਾਕੂ ਕਰਕੇ ਜਿਸਨੇ ਹੋ ਸਕਦਾ ਹੈ ਬਪਤਿਸਮਾ ਨਾ ਲਿਆ ਹੋਵੇ, ਆਪਣੀ ਜਾਨ ਨੂੰ ਦਾਅ 'ਤੇ ਨਾ ਲਾਓ। ਕਿਸੇ ਅਜਿਹੀ ਮਾਨਤਾ ਤੋਂ ਜਿਸਦਾ ਹੱਲ ਮੁਕਾਸ਼ਫੇ ਨਾਲ ਨਹੀਂ ਕੀਤਾ ਜਾ ਸਕਦਾ, ਕੋਈ ਅਬਦੀ ਨਿਚੋੜ ਕਦੇ ਨਾ ਕੱਢੋ।

ਉਹ ਡਾਕੂ ਮੂਸਾ ਦੀ ਸ਼ਰ੍ਹਾ ਅਧੀਨ ਮਰਿਆ, ਪਰ ਅਸੀਂ ਮਸੀਹ ਦੀ ਸ਼ਰ੍ਹਾ ਹੇਠ ਰਹਿੰਦੇ ਹਾਂ (ਗਲਾਤੀਆਂ 6:2)। ਡਾਕੂ ਦੇ ਮਰਨ ਵੇਲੇ, ਯਿਸੂ ਮੁਰਦਿਆਂ ਵਿੱਚੋਂ ਜੀ ਨਹੀਂ ਉੱਠਿਆ ਸੀ ਭਾਵ ਉਹਨੇ ਅਜੇ ਆਪਣਾ ਗ੍ਰੇਟ ਕਮਿਸ਼ਨ ਨਹੀਂ ਦਿੱਤਾ ਸੀ (ਮੱਤੀ 28:18-20; ਮਰਕੁਸ 16:15, 16)। ਇਸ ਵੇਲੇ ਪਵਿੱਤਰ ਆਤਮਾ ਨਹੀਂ ਆਇਆ ਸੀ ਕਿਉਂਕਿ ਲੋਕਾਂ ਨੂੰ ਮਸੀਹੀ ਬਣਨ ਲਈ ਬਪਤਿਸਮਾ ਲੈਣ ਦਾ ਹੁਕਮ ਨਹੀਂ ਦਿੱਤਾ ਗਿਆ ਸੀ। ਕਲੀਸੀਆ ਵੀ ਨਹੀਂ ਬਣੀ ਸੀ। (ਇਹ ਸਭ ਪੈਂਟੀਕਾਸਟ ਵਾਲੇ ਦਿਨ ਹੋਇਆ ਸੀ; ਵੇਖੋ ਰਸੂਲਾਂ ਦੇ ਕੰਮ 2.) ਅੱਜ ਉਸ ਡਾਕੂ ਵਾਂਗ ਕੋਈ ਬਚਾਇਆ ਨਹੀਂ ਜਾ ਸਕਦਾ!

ਬੇਹੱਦ ਸ਼ਰਮਿੰਦਗੀ ਅਤੇ ਤਸੀਹੇ ਭਰੀ ਤਕਲੀਫ਼ ਸਹਿੰਦਿਆਂ ਉਸ ਡਾਕੂ ਨੇ ਸਭ ਤੋਂ

ਬੇਹਤਰੀਨ ਵਿਚਾਰ ਕੀਤਾ। ਉਹਨੇ ਦੂਜੇ ਡਾਕੂ ਨੂੰ ਕੁਫ਼ਰ ਬਕਣ ਤੋਂ ਵਰਜਿਆ। ਉਹਨੇ ਆਪਣੀ ਦੋਹਾਂ ਦੀ ਗ਼ਲਤੀ ਮੰਨੀ। ਉਹਨੇ ਯਿਸੂ ਦਾ ਪੱਖ ਲਿਆ। ਉਹਨੇ ''ਰਾਜ ਦੀ ਭਾਸ਼ਾ'' ਦੀ ਵਰਤੋਂ ਕੀਤੀ। ਕਿਸੇ ਹੱਦ ਤਕ ਉਹਨੇ ਜੀ ਉੱਠਣ ਦੀ ਝਲਕ ਵੀ ਦਿੱਤੀ। ਡਾਕੂ ਅਤੇ ਯਿਸੂ ਦੋਵੇਂ ਮਰ ਰਹੇ ਸਨ। ਕੋਈ ਵੱਡਾ ਮੋਅਜਜ਼ਾ ਜਾਂ ਜੀ ਉੱਠਣਾ ਹੀ ਉਹਨੂੰ ਭਵਿੱਖ ਦੀ ਕੋਈ ਆਸ ਦਵਾ ਸਕਦਾ ਸੀ। ਉਹਨੇ ਦੂਜੇ ਡਾਕੂ ਵਾਂਗ ਯਿਸੂ ਨਾਲ ਹੁਸ਼ਿਆਰੀ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਆਪਣੀ ਲਾਚਾਰੀ ਵਿਚ ਉਹਨੇ ਆਪਣੇ ਆਪ ਨੂੰ ''ਰਹਿਮ ਦੇ ਦਰਬਾਰ'' ਅੱਗੇ ਨਿਵਾਂ ਦਿੱਤਾ। ''ਮੌਤ ਦੇ ਬਿਸਤਰੇ 'ਤੇ ਮੁਕਤੀ'' ਦੇ ਅਖ਼ਤਿਆਰ ਦਾ ਕੋਈ ਤਰੀਕਾ ਨਹੀਂ ਹੈ। ਡਾਕੂ ਨੇ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕੀਤਾ ਜਿਸ ਕਰਕੇ ਜੋ ਨਰਕ ਦਾ ਹੱਕਦਾਰ ਸੀ ਉਹ ਸੁਰਗ ਵਿਚ ਚਲਿਆ ਗਿਆ। ਸਲੀਬ ਨੇ ਡਾਕੂ ਨੂੰ ਓਵੇਂ ਹੀ ਪੁਕਾਰਿਆ ਜਿਵੇਂ ਇਹ ਅੱਜ ਸਾਨੂੰ ਪੁਕਾਰਦੀ ਹੈ ਕਿ ''ਜ਼ਿੰਦਗੀ ਫ਼ਜ਼ੂਲ ਨਹੀਂ ਹੈ ... ਨਾਕਾਮੀ ਤਕਦੀਰ ਨਹੀਂ ਹੈ ... ਮੌਤ ਅਖ਼ੀਰ ਨਹੀਂ ਹੈ!''

*ਭੀੜ।* ਕੁਚੱਜੇ ਲੋਕ ਸਲੀਬ ਦਿੱਤੇ ਜਾਣ ਵਾਲਿਆਂ ਲਾਗੋਂ ਦੀ ਲੰਘਦੇ ਹੋਏ ਉਨ੍ਹਾਂ ਨੂੰ ਤਾਅਨੇ ਮਾਰਦੇ ਸਨ (ਮੱਤੀ 26:65-68; 27:47-49; ਮਰਕੁਸ 14:65; 15:29-36)। ਸਲੀਬਾਂ ਨਾਲ ਮਨੁੱਖ ਵਿਚ ਅਣਮਨੁੱਖੀ ਸੁਭਾਅ ਆ ਜਾਂਦਾ ਸੀ। ਤਮਾਸ਼ਬੀਨਾਂ ਲਈ ਇਹ ਇਕ ਭੈੜਾ, ਖੂਨੀ ਖੇਡ ਦਾ ਨਜ਼ਾਰਾ ਹੁੰਦਾ ਸੀ। ਨਵੇਂ-ਨਵੇਂ ਤਜਰਬੇ ਕੀਤੇ ਜਾਂਦੇ ਸਨ: ''ਹੇਠਾਂ ਉਤਰ ਆ ...''; ''ਉੱਥੇ ਰਹਿ ...'' ;''ਉਹਨੂੰ ਕੋਈ ਸਸਤਾ ਜਿਹਾ ਸਿਰਕਾ ਦਿਓ ...''; ''ਹੋ ਸਕਦਾ ਹੈ ਏਲੀਆਹ ਆ ਜਾਵੇ!'' ਕਿੰਨਾ ਖ਼ਤਰਨਾਕ ਨਜ਼ਾਰਾ ਹੈ! ਅੱਜ ਦੁਨੀਆ ਵਿਚ ਮੁਜ਼ਾਹਰਾ ਕਰਨ ਵਾਲਿਆਂ ਦੀ ਭਰਮਾਰ ਹੈ। ਜਦ ਮੁਜ਼ਾਹਰਿਆਂ ਦੀ ਲੋੜ ਸੀ ਉਦੋਂ ਇਹ ਲੋਕ ਕਿੱਥੇ ਸਨ? ਉਹ ਪੁਕਾਰ ਰਹੇ ਸਨ, ''ਉਹਦਾ ਲਹੂ ਸਾਡੇ 'ਤੇ ਅਤੇ ਸਾਡੀ ਔਲਾਦ 'ਤੇ ਹੋਵੇ।'' (ਮੱਤੀ 27:25)। ਉਨ੍ਹਾਂ ਦੇ ਉਸ ਯਕੀਨ ਲਈ ਕਿੰਨੀ ਖ਼ਤਰਨਾਕ ਕੀਮਤ ਦੇਣੀ ਪਈ!

*ਦੁਸ਼ਮਣ।* ਆਕੜ ਨਾਲ ਉਨ੍ਹਾਂ ਆਖਿਆ, ''ਅਸੀਂ ਉਹਨੂੰ ਨਿਪਟਾ ਦਿੱਤਾ!'' ਪਰ ਐਤਵਾਰ ਆਇਆ। ਉਹ ਆਪਣੀ ਹੀ ਬਣਾਈ ਫਾਹੀ ਵਿਚ ਫਸ ਗਏ ਸਨ। ਜੀ ਉੱਠਣ ਦੇ ਬਾਅਦ ਮਸੀਹੀਅਤ ਨੇ ਪੂਰੀ ਦੁਨੀਆਂ ਵਿਚ ਤੂਫਾਨ ਮਚਾ ਦਿੱਤਾ। ਬਾਈਬਲ ਵਿਚ ਦੱਸੇ ਗਏ ਯਹੂਦੀ ਮਤ ਦਾ ਖਾਤਮਾ ਹੋ ਗਿਆ। ਯਰੂਸ਼ਲਮ ਨੂੰ 70 ਈਸਵੀ ਵਿਚ ਘੇਰਾ ਪਾ ਲਿਆ ਗਿਆ। ਇਹ ਸਭ ਕਹਿਣ ਦਾ ਮਤਲਬ ਕੀ ਹੈ? ਮਤਲਬ ਸਿਰਫ਼ ਇਹੀ ਹੈ ਕਿ ਖ਼ੁਦਾ ਦੇ ਖ਼ਿਲਾਫ਼ ਲੜ ਕੇ ਕਦੇ ਕੋਈ ਜਿੱਤ ਨਹੀਂ ਸਕਦਾ।

*ਰੋਮੀ ਸਿਪਾਹੀ।* ਰੋਮੀ ਸਿਪਾਹੀਆਂ ਨੇ ਯਿਸੂ ਨੂੰ ਸ਼ਾਹੀ ਲਿਬਾਸ ਵਰਗਾ ਲਿਬਾਸ ਪਹਿਨਾਇਆ ਅਤੇ ਫਿਰ ਉਹਨੂੰ ਠੱਠੇ ਮਾਰਨ ਲੱਗੇ (ਮੱਤੀ 20:17-19; 27:27-31; ਮਰਕੁਸ 10:32-34; 15:16-20; ਲੂਕਾ 18:31-34; 23:11; ਯੂਹੰਨਾ 19:1-5)। ਯਿਸੂ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਗਿਆ ਸੀ। ਸਿਪਾਹੀਆਂ ਨੇ ਉਹਦੇ ਕਪੜਿਆਂ ਦਾ ਗੁਣਾ ਪਾਇਆ ਸੀ (ਮੱਤੀ 27:35; ਮਰਕੁਸ 15:24; ਯੂਹੰਨਾ 19:23, 24)। ਇਸ ਨੇ ਜ਼ਖ਼ਮਾਂ 'ਤੇ ਲੂਣ ਪਾਉਣ ਦਾ ਕੰਮ ਕੀਤਾ। ਪਰ ਇਹ ਰੋਮੀ ਸੂਬੇਦਾਰ ਬੜੇ ਗ਼ੌਰ ਨਾਲ ਵੇਖਦਾ ਰਿਹਾ। ਉਹਨੇ ਵੇਖਿਆ ਕਿ ਯਿਸੂ ਸਲੀਬ 'ਤੇ ਮਰਨ ਵਾਲੇ ਹੋਰਨਾਂ ਲੋਕਾਂ ਨਾਲੋਂ ਫ਼ਰਕ ਸੀ। ਉਹਨੇ ਓਵੇਂ ਹੀ ਨਿਚੋੜ ਕੱਢਿਆ ਜਿਵੇਂ ਸਾਨੂੰ ਸਭ ਨੂੰ ਕੱਢਣਾ ਚਾਹੀਦਾ ਹੈ,''ਇਹ ਸਚਮੁਚ ਪ੍ਰਮੇਸ਼ਵਰ ਦਾ ਪੁੱਤਰ ਸੀ!'' (ਮੱਤੀ 27:54; ਵੇਖੋ ਮਰਕੁਸ 15:39; ਲੂਕਾ 23:47)।

*ਅਰਿਮਥੈਆ ਦਾ ਯੂਸੁਫ਼ ਅਤੇ ਨਿਕੁਦੇਮੁਸ।* ਅਰਿਮਥੈਆ ਦੇ ਯੂਸੁਫ਼ ਅਤੇ ਨਿਕੁਦੇਮੁਸ ਨੇ ਬੜੀ ਹਿੰਮਤ ਨਾਲ ਯਿਸੂ ਦੀ ਲਾਸ਼ ਮੰਗੀ (ਮੱਤੀ 27:57-61; ਮਰਕੁਸ 15:42-47; ਲੂਕਾ 23:50-56; ਯੂਹੰਨਾ 19:38-42)। ਅਸੀਂ ਉਨ੍ਹਾਂ ਦੀ ਸ਼ਲਾਘਾ ਕਰਦੇ ਹਾਂ ਕਿਉਂਕਿ ਉਨ੍ਹਾਂ ਨੇ ਯਿਸੂ ਨੂੰ ਦਫ਼ਨਾਇਆ।

ਬਹੁਤੇ ਲੋਕ ਇਸੇ ਤਰ੍ਹਾਂ ਹੀ ਸੋਚਦੇ ਹਨ ਜਿਵੇਂ ਇਨ੍ਹਾਂ ਦੋਹਾਂ ਨੇ ਕੀਤਾ। ਬਹੁਤੇ ਲੋਕ ਖ਼ੁਦਾ ਨੂੰ ਸਲਾਹ ਦੇਣ ਲਈ ਹੀ ਉਹਦੀ ਸੇਵਾ ਕਰਨਾ ਚਾਹੁੰਦੇ ਹਨ। ਇਹ ਦੋਵੇਂ ਜਿੰਨਾ ਕਰ ਸਕਦੇ ਸਨ ਅਸਲ 'ਚ ਇਨ੍ਹਾਂ ਉਸ ਤੋਂ ਬਹੁਤ ਘੱਟ ਕੀਤਾ! ਉਨ੍ਹਾਂ ਨੇ ਸਿਰਫ਼ ਇਕ ਮੁਰਦਾ ਆਦਮੀ ਦੀ ਲਾਸ਼ 'ਤੇ ਦਾਅਵਾ ਕੀਤਾ ਜਿਸ 'ਤੇ ਉਹ ਉਹਦੇ ਜੀਉਂਦੇ ਜੀ ਗੁਪਤ ਰੂਪ ਵਿਚ ਵਿਸ਼ਵਾਸ ਕਰਦੇ ਸਨ। ਯਿਸੂ ਸਾਨੂੰ ਆਪਣੀਆਂ ਜ਼ਿੰਦਗੀਆਂ ਦੇਣ ਲਈ ਆਖਦਾ ਹੈ ਜਦ ਕਿ ਕਈ ਵਾਰ ਅਸੀਂ ਸਿਰਫ਼ ਉਹਦੀ ਦੇਹ 'ਤੇ ਇਤਰ ਹੀ ਲਾਉਣਾ ਚਾਹੁੰਦੇ ਹਾਂ! ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਯੂਸੁਫ਼ ਅਤੇ ਨਿਕੁਦੇਮੁਸ ਦਾ ਕੀ ਬਣਿਆ। ਉਨ੍ਹਾਂ ਦੇ ਕਾਰਜ ਲਈ ਜੁਰਅੱਤ ਦੀ ਲੋੜ ਸੀ, ਪਰ ਯਿਸੂ ਨੂੰ ਉਹ ਬਣਾਉਣ ਲਈ ਜੋ ਉਹ ਹੈ, ਭਾਵ ਪ੍ਰਭੂ ਬਣਾਉਣ ਲਈ, ਉਹਦਾ ਇਕਰਾਰ ਕਰਨ ਵਾਸਤੇ ਮਰਦਾਨਗੀ ਵਿਖਾਉਣ ਦੀ ਲੋੜ ਹੈ।

ਕਈ ਲੋਕ ਜ਼ਿੰਦਾ ਆਸ ਦੀ ਬਜਾਏ ਕਿਸੇ ਗੁਆਚੇ ਹੋਏ ਕਾਰਜ ਲਈ ਬਹੁਤੀ ਮਿਹਨਤ ਕਰਨਗੇ। ਜ਼ਿੰਦਾ ਪ੍ਰਭੂ ਦਾ ਹੁਕਮ ਮੰਨਣ ਨਾਲੋਂ ਮੁਰਦੇ ਨੂੰ ਦਫ਼ਨਾਉਣਾ ਅਸਾਨ ਹੈ।

*ਸਲੀਬ ...*
*ਹੋਰ ਰਾਹ ਹੀ ਨਹੀਂ!*